Weekly

# CANADA SIKH TIMES

17 - 23 August 2025

ਕੈਨੇਡਾ ਸਿੱਖ ਟਾਈਮਜ਼

Volume 3 Issue 33

• RELIGION • CULTURE • HERITAGE • BUSINESS

## ਡਾ. ਦਵਿੰਦਰ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਫਾਊਂਡੇਸ਼ਨ ਦੇ ਕੌਮਾਂਤਰੀ ਸਰਪਰਸਤ ਨਿਯੁਕਤ



ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ, ਲੁਧਿਆਣਾ (ਪੰਜਾਬ) ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਜੋਕਿ ਅੱਜਕੱਲ੍ਹ ਕੈਨੇਡਾ ਦੌਰੇ ’ਤੇ ਹਨ, ਨੇ ਡਾ. ਦਵਿੰਦਰ ਸਿੰਘ ਲੱਧੜ (ਸਲਾਹਕਾਰ, ਚਾਂਸਲਰ ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ, ਬਠਿੰਡਾ, ਪੰਜਾਬ) ਨੂੰ ਨਵਪ੍ਰਕਾਸ਼ਤ ਪੁਸਤਕ ‘ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਗ੍ਰੰਥ ਸਾਹਿਬ’ ਦੇ ਲੋਕਾਰਪਣ ਸਮਾਗਮ ਮੌਕੇ, ਸੰਸਥਾ ਦਾ ਕੌਮਾਂਤਰੀ ਸਰਪ੍ਰਸਤ ਨਿਯੁਕਤ ਕੀਤਾ ਹੈ। ਸਮਾਗਮ ਵਿੱਚ ਕੈਨੇਡਾ ਅਤੇ ਵਿਦੇਸ਼ਾਂ ਤੋਂ ਆਏ ਲੇਖਕਾਂ, ਬੁੱਧੀਜੀਵੀਆਂ, ਕਵੀਆਂ, ਅਤੇ ਸਮਾਜਸੇਵੀਆਂ ਨੇ ਹਾਜ਼ਰੀ ਭਰੀ। ਇਸ ਮੌਕੇ ਡਾ. ਲੱਧੜ ਨੇ ਬਾਵਾ ਅਤੇ ਉਨ੍ਹਾਂ ਦੀ ਵੱਡਮੁੱਲੀ ਸੰਸਥਾ ਦਾ ਧੰਨਵਾਦ ਕੀਤਾ ਅਤੇ ਹਰ ਸੰਭਵ ਢੰਗ ਨਾਲ ਕੈਨੇਡਾ ਦੀ ਧਰਤੀ ’ਤੇ ਸੰਸਥਾ ਦੀਆਂ ਗਤੀਵਿਧੀਆਂ ਨੂੰ ਸਹਿਯੋਗ ਮੁਹੱਈਆ ਕਰਨ ਅਤੇ ਇਸ ਨਾਲ ਵਿਦਵਾਨਾਂ ਨੂੰ ਜੋੜਨ ਦਾ ਭਰੋਸਾ ਦਿਵਾਇਆ। ਸਮੁੱਚੇ ਭਾਈਚਾਰੇ ਵਿੱਚ ਡਾ. ਲੱਧੜ ਦੇ ਸਰਪ੍ਰਸਤ ਬਣਨ ਦੀ ਖੁਸ਼ੀ ਦੀ ਲਹਿਰ ਹੈ। ਉਨ੍ਹਾਂ ਨੂੰ ਦੇਸ਼ਾਂ ਵਿਦੇਸ਼ਾਂ ਤੋਂ ਮਿੱਤਰ ਪਿਆਰਿਆਂ ਵਲੋਂ ਵਧਾਈ ਸੰਦੇਸ਼ ਅਤੇ ਫੁੱਲਾਂ ਦੇ ਗੁਲਦਸਤੇ ਮਿਲ ਰਹੇ ਹਨ।

## Meet Gurpreet Singh From delivery man to laundry Hero



An act of kindness by an Indian-origin postman in Australia has gone viral, winning hearts worldwide. Verrity Wandel shared a video on Instagram showing her postman, Gurpreet Singh, rescuing her laundry from a sudden downpour. Instead of just delivering a parcel, Singh folded the clothes, brought them indoors, and even left a note explaining his thoughtful gesture. Wandel later posted a selfie with him, calling him “1 in a million” and praising his cool and caring nature. The clip quickly spread across social media, with many hailing Singh as a true “real-life hero.” Bollywood actress Priyanka Chopra also noticed the story, amplifying the praise further. For Wandel, it wasn’t just about saved laundry, but about witnessing genuine kindness in everyday life. For Singh, it was simply part of being human—a small act that created a big impact.

## ਨਹੀਂ ਰਹੇ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਅਦਾਕਾਰ ਜਸਵਿੰਦਰ ਸਿੰਘ ਭੱਲਾ




ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਅਤੇ ਆਪਣੀ ਖੂਬਸੂਰਤ ਕਾਮੇਡੀ ਰਾਹੀਂ ਦਰਸ਼ਕਾਂ ਦੇ ਹਸਾ-ਹਸਾ ਕੇ ਢਿੱਡੀ ਪੀੜਾਂ ਪਵਾਉਣ ਵਾਲੇ ਜਸਵਿੰਦਰ ਸਿੰਘ ਭੱਲਾ ਸੰਸਾਰ ਨੂੰ ਅਲਵਿਦਾ ਆਖ ਗਏ ਹਨ। ਉਨ੍ਹਾਂ ਦੀ ਮੌਤ ਨਾਲ ਦੁਨੀਆਂ ਭਰ ਵਿੱਚ ਵਸਦੇ ਲੱਖਾਂ ਕਰੋੜਾਂ ਚਹੇਤਿਆਂ ਦੀਆਂ ਅੱਖਾਂ ਵਿੱਚ ਹੰਝੂ ਹਨ। ਜਸਵਿੰਦਰ ਭੱਲਾ ਦਾ ਜਨਮ 4 ਮਈ 1960 ਨੂੰ ਲੁਧਿਆਣਾ ਵਿਖੇ ਪਿਤਾ ਮਾਸਟਰ ਬਹਾਦਰ ਸਿੰਘ ਦੇ ਘਰ ਹੋਇਆ। ਉਨ੍ਹਾਂ ਨੇ ਮੁਢਲੀ ਵਿੱਦਿਆ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਤੋਂ ਹਾਸਲ ਕੀਤੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਬੀ.ਐੱਸਸੀ. ਐਗਰੀਕਲਚਰ ਕੀਤੀ। ਇਸੇ ਯੂਨੀਵਰਸਿਟੀ ਤੋਂ ਐੱਮ. ਐੱਸਸੀ. ਐਗਰੀਕਲਚਰ ਦੀ ਪੜ੍ਹਾਈ ਕੀਤੀ। ਉਸ ਤੋਂ ਬਾਅਦ ਉਨ੍ਹਾਂ ਚੌਧਰੀ ਚਰਨ ਸਿੰਘ ਪੋਸਟ ਗ੍ਰੈਜੂਏਟ ਕਾਲਜ ਮੇਰਠ ਤੋਂ ਪੀਐੱਚ.ਡੀ. ਕੀਤੀ। ਉਪਰੰਤ ਉਹ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਸਹਾਇਕ ਪ੍ਰੋਫੈਸਰ ਵਜੋਂ ਭਰਤੀ ਹੋਏ ਅਤੇ 31 ਮਈ 2020 ਨੂੰ ਵਿਸਥਾਰ ਸਿੱਖਿਆ ਵਿਭਾਗ ਦੇ ਪ੍ਰੋਫੈਸਰ ਅਤੇ ਮੁਖੀ ਵਜੋਂ ਸੇਵਾ ਮੁਕਤ ਹੋਏ। ਉਨ੍ਹਾਂ ਦੀ ਵਿਦਿਆਰਥੀ ਜੀਵਨ ਤੋਂ ਹੀ ਕਲਾਕਾਰੀ ਵੱਲ ਰੁਚੀ ਸੀ। 1975 ਵਿੱਚ ਆਲ ਇੰਡੀਆ ਰੇਡੀਓ ਦੇ ਇੱਕ ਪ੍ਰੋਗਰਾਮ ਵਿੱਚ ਸ਼ਾਮਲ ਹੋਏ ਪ੍ਰੰਤੂ 1988 ਤੋਂ ਆਪਣੇ ਸਹਿਯੋਗੀ ਕਲਾਕਾਰ ਬਾਲ ਮੁਕੰਦ ਸ਼ਰਮਾ ਨਾਲ ਉਨ੍ਹਾਂ ਨੇ ‘ਛਣਕਾਟਾ’ ਰਾਹੀਂ ਪੱਕੇ ਪੈਰੀਂ ਕਮੇਡੀ ਖੇਤਰ ਵਿੱਚ ਐਂਟਰੀ ਕੀਤੀ। ਇਸ ਮਗਰੋਂ ਉਹ ਹਰ ਵਰ੍ਹੇ ਛਣਕਾਟਾ ਕੱਢਦੇ ਰਹੇ ਜਿਸ ਵਿੱਚ ਲੋਕ ਮਸਲਿਆਂ ਨੂੰ ਪ੍ਰਮੁੱਖ ਤੌਰ ’ਤੇ ਉਭਾਰਿਆ ਜਾਂਦਾ ਸੀ। ਉਨ੍ਹਾਂ ਨੇ 27 ਤੋਂ ਵੱਧ ਆਡੀਓ ਕੈਸੇਟਾਂ ਕੱਢੀਆਂ। ਇਸੇ ਤਰ੍ਹਾਂ ਉਨ੍ਹਾਂ ਨੇ ਕਈ ਫਿਲਮਾਂ ਵਿੱਚ ਕੰਮ ਕੀਤਾ। ਉਨ੍ਹਾਂ ਦਾ ਇਸ ਤਰ੍ਹਾਂ ਅਲਵਿਦਾ ਆਖ ਜਾਣਾ ਪੰਜਾਬ, ਪੰਜਾਬੀ ਅਤੇ ਪੰਜਾਬੀ ਸੱਭਿਆਚਾਰ ਲਈ ਨਾ-ਪੂਰਾ ਹੋਣ ਵਾਲਾ ਘਾਟਾ ਹੈ।

DESH VIDESH

# Celebrating the Legacy of Prominent Sikh Scientists

- Dr. Devinder Pal Singh*

Some Prominent Sikh Scientists by Professor Dr. Surjit Singh Bhatti—co-authored with Dr. Raja Balraj Singh and Dr. Rajbir Singh Bhatti—is a compelling tribute to Sikh luminaries in science and technology. The book bridges cultural identity with scientific innovation, shedding light on the global impact of Sikh scientists whose spiritual heritage influenced their groundbreaking work.




Divided into fourteen chapters, the book presents detailed biographies of 15 distinguished Sikh scientists, alongside appendices featuring their research, patents, and literary contributions. With a foreword by Prof. Dr. Jai Rup Singh and a preface emphasizing accessibility through non-technical language, it aims to inspire readers by demystifying complex scientific concepts.

The narrative begins with Professor Puran Singh, a chemist and poet whose innovations in industrial oil extraction were enriched by Sikh values and Japanese aesthetics. Dr. Bawa Kartar Singh, the "Father of Stereochemistry in India," expanded on Pasteur's optical activity theories, blending scientific thought with his spiritual lineage. Dr. Narinder Singh Kapany, globally known as the "Father of Fiber Optics," revolutionized internet infrastructure and held over 120 patents, all while supporting Sikh art and education.

Dr. Sohan Singh Hayreh, a retinal disease expert, made significant advances in eye medicine. Dr. Harkishan Singh, a pharmacologist and science historian, contributed to neuromuscular research and was instrumental in founding NIPER. Dr. Khem Singh Gill played a vital role in India's Green Revolution through developing disease-resistant wheat varieties and mentoring future agricultural scientists.

The book also highlights Dr. Kartar Singh Lalvani, founder of Vitabiotics, who was awarded the OBE for his work in maternal and child health. Dr. Devinder Singh Chahal, a microbiologist, is noted for his work in bioconversion and rational interpretations of Sikh scripture through the Institute for Understanding Sikhism.

Dr. Gurdev Singh Khush, a rice geneticist, developed over 300 rice varieties and received the World Food Prize. Dr. Naranjan Singh Dhalla, a pioneer in cardiovascular research, explored the hormonal impact on heart disease and earned Canada's highest civilian honors.

Later chapters feature Dr. Harvinder Singh Sahota, who invented the perfusion angioplasty balloon, revolutionizing heart treatments. Dr. Raghbir Singh Khandpur contributed to biomedical instrumentation and founded institutions like CEDTI and Science City. Dr. Gurtej Singh Sandhu, with over 1,300 patents, is a leader in nanotechnology and data storage innovation.

The final profiles include Engineer Jasbir Singh Sethi and Dr. Santokh Singh Badesha, whose work in engineering and materials science has led to over 270 U.S. patents and roles in governmental advisory bodies.

A distinctive feature of the book is its accessible language and integration of Sikh philosophy with science. Quotes from the Sri Guru Granth Sahib and dedications to the Sikh Gurus reinforce a moral and spiritual approach to scientific inquiry. The epilogue critiques the under-recognition of Sikh scientists, exemplified by Dr. Kapany's exclusion from the Nobel Prize, urging equitable recognition in global science.

Some Prominent Sikh Scientists is a vital contribution to STEM diversity. It provides young Sikhs and readers worldwide with inspiring role models who harmonize scientific pursuit with cultural pride and service.

---

* Center for Understanding Sikhism, Mississauga, Canada

# HERITAGE

## ਅਮਰੀਕਾ ਖਤਮ ਕਰੇਗਾ 'ਡ੍ਰੌਪਬਾਕਸ ਵੀਜ਼ਾ ਪ੍ਰੋਗਰਾਮ'




ਅਮਰੀਕਾ ਵਿੱਚ ਟਰੰਪ ਪ੍ਰਸ਼ਾਸਨ ਇੱਕ ਵੱਡਾ ਫੈਸਲਾ ਲੈਂਦੇ ਹੋਏ "ਡ੍ਰੌਪਬਾਕਸ" ਜਾਂ "ਇੰਟਰਵਿਊ-ਮੁਕਤ" ਵੀਜ਼ਾ ਨਵੀਨੀਕਰਨ ਪ੍ਰੋਗਰਾਮ ਨੂੰ ਖਤਮ ਕਰਨ ਜਾ ਰਿਹਾ ਹੈ। ਇਹ ਨਵੇਂ ਨਿਯਮ 2 ਸਤੰਬਰ 2025 ਤੋਂ ਲਾਗੂ ਹੋਣਗੇ। ਇਸ ਫੈਸਲੇ ਦਾ ਅਸਰ ਭਾਰਤ ਸਮੇਤ ਦੁਨੀਆ ਭਰ ਦੇ ਵੀਜ਼ਾ ਬਿਨੈਕਾਰਾਂ 'ਤੇ ਪਵੇਗਾ।

ਹੁਣ ਤੱਕ, H-1B, H-4, F, M, O1, J, ਤੇ L1 ਵੀਜ਼ਾ ਵਾਲਿਆਂ ਨੂੰ ਨਵੀਨੀਕਰਨ ਲਈ ਇੰਟਰਵਿਊ ਨਹੀਂ ਦੇਣਾ ਪੈਂਦਾ ਸੀ। ਉਹ ਸਿਰਫ਼ ਦਸਤਾਵੇਜ਼ ਜਮ੍ਹਾਂ ਕਰਵਾ ਕੇ ਵੀਜ਼ਾ ਪ੍ਰਾਪਤ ਕਰ ਸਕਦੇ ਸਨ। ਇਸ ਸਹੂਲਤ ਕਾਰਨ ਹਜ਼ਾਰਾਂ ਲੋਕਾਂ ਦੇ ਸਮਾਂ ਅਤੇ ਪੈਸੇ ਦੀ ਬਚਤ ਹੁੰਦੀ ਸੀ। ਪਰ ਹੁਣ ਨਵੇਂ ਨਿਯਮਾਂ ਅਨੁਸਾਰ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਅਤੇ 79 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਨੂੰ ਵੀ ਹੁਣ ਕੌਂਸਲਰ ਅਧਿਕਾਰੀ ਸਾਹਮਣੇ ਪੇਸ਼ ਹੋਣਾ ਪਵੇਗਾ। ਟਰੰਪ ਪ੍ਰਸ਼ਾਸਨ ਵੱਲੋਂ ਇਹ ਕਦਮ ਸੁਰੱਖਿਆ ਕਾਰਨਾਂ ਕਰਕੇ ਚੁੱਕਿਆ ਗਿਆ ਹੈ। ਅਮਰੀਕੀ ਸਰਕਾਰ ਦਾ ਕਹਿਣਾ ਹੈ ਕਿ ਇਸ ਨਾਲ ਹਰ ਬਿਨੈਕਾਰ ਦੀ ਨਿੱਜੀ ਜਾਂਚ ਹੋ ਸਕੇਗੀ ਅਤੇ ਸਕ੍ਰੀਨਿੰਗ ਪ੍ਰਕਿਰਿਆ ਹੋਰ ਸਖ਼ਤ ਹੋਵੇਗੀ। ਭਾਰਤ ਇਸ ਸਹੂਲਤ ਦਾ ਸਭ ਤੋਂ ਵੱਡਾ ਯੂਜ਼ਰ ਰਿਹਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਨਵੀਆਂ ਸ਼ਰਤਾਂ ਨਾਲ ਭਾਰਤੀ ਵਿਦਿਆਰਥੀਆਂ ਅਤੇ ਐੱਚ-1ਬੀ ਵੀਜ਼ਾ 'ਤੇ ਕੰਮ ਕਰ ਰਹੇ IT ਕਰਮਚਾਰੀਆਂ ਨੂੰ ਸਭ ਤੋਂ ਵੱਧ ਮੁਸ਼ਕਲ ਆ ਸਕਦੀ ਹੈ। ਵੀਜ਼ਾ ਅਪੌਇੰਟਮੈਂਟਾਂ ਦੀ ਮੰਗ ਹੋਰ ਵਧਣ ਨਾਲ ਉਡੀਕ ਸਮਾਂ ਕਈ ਮਹੀਨੇ ਤੱਕ ਲੰਮਾ ਹੋ ਸਕਦਾ ਹੈ।

ਇਸਦੇ ਨਾਲ ਹੀ ਖ਼ਬਰ ਆਈ ਹੈ ਕਿ ਅਗਸਤ ਅਤੇ ਸਤੰਬਰ ਮਹੀਨੇ ਲਈ ਬੁੱਕ ਕੀਤੀਆਂ ਡ੍ਰੌਪਬਾਕਸ ਅਪੌਇੰਟਮੈਂਟਾਂ ਨੂੰ ਰੱਦ ਕਰ ਦਿੱਤਾ ਗਿਆ ਹੈ ਅਤੇ ਬਿਨੈਕਾਰਾਂ ਨੂੰ ਸਿੱਧਾ ਇੰਟਰਵਿਊ ਲਈ ਬੁਲਾਇਆ ਜਾ ਰਿਹਾ ਹੈ। ਮਾਹਿਰਾਂ ਦੀ ਸਲਾਹ ਹੈ ਕਿ ਜੋ ਵੀ ਲੋਕ ਯੋਗ ਹਨ, ਉਹ 2 ਸਤੰਬਰ ਤੋਂ ਪਹਿਲਾਂ ਹੀ ਆਪਣੀ ਵੀਜ਼ਾ ਨਵੀਨੀਕਰਨ ਪ੍ਰਕਿਰਿਆ ਪੂਰੀ ਕਰ ਲੈਣ। ਹਾਲਾਂਕਿ, ਡਿਪਲੋਮੈਟਿਕ ਅਤੇ ਸਰਕਾਰੀ ਵੀਜ਼ਾ ਧਾਰਕਾਂ ਨੂੰ ਪਹਿਲਾਂ ਵਾਂਗ ਛੂਟ ਮਿਲਦੀ ਰਹੇਗੀ। ਇਸ ਤੋਂ ਇਲਾਵਾ ਕੁਝ ਖਾਸ ਹਾਲਤਾਂ ਵਿੱਚ B-1/B-2 ਸੈਲਾਨੀ ਅਤੇ ਵਪਾਰਕ ਵੀਜ਼ਾ ਅਰਜ਼ੀਕਾਰਾਂ ਨੂੰ ਵੀ ਛੂਟ ਦਿੱਤੀ ਜਾ ਸਕਦੀ ਹੈ, ਪਰ ਅੰਤਿਮ ਫੈਸਲਾ ਕੌਂਸਲਰ ਅਧਿਕਾਰੀਆਂ ਦੇ ਹੱਥਾਂ ਵਿੱਚ ਹੋਵੇਗਾ।

## ਕੈਨੇਡਾ ਵਿਚ ਸਾਬਕਾ ਫੌਜੀਆਂ ਨੂੰ ਮਿਲੇਗੀ ਸਿੱਧੀ PR



ਕੈਨੇਡਾ ਸਰਕਾਰ ਵੱਲੋਂ ਇਮੀਗ੍ਰੇਸ਼ਨ ਨੀਤੀਆਂ ਵਿੱਚ ਵੱਡਾ ਬਦਲਾਅ ਕਰਨ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਮਿਲੀ ਜਾਣਕਾਰੀ ਅਨੁਸਾਰ 2026 ਤੋਂ ਸਾਬਕਾ ਫੌਜੀਆਂ, ਅਗਨੀਵੀਰਾਂ, ਸੀਨੀਅਰ ਮੈਨੇਜਰਾਂ, ਵਿਗਿਆਨੀਆਂ ਅਤੇ ਖੋਜੀਆਂ ਨੂੰ ਐਕਸਪ੍ਰੈਸ ਐਂਟਰੀ ਪ੍ਰਣਾਲੀ ਰਾਹੀਂ ਸਥਾਈ ਨਾਗਰਿਕਤਾ (PR) ਹਾਸਲ ਕਰਨਾ ਹੋਰ ਵੀ ਆਸਾਨ ਹੋ ਸਕੇਗਾ। ਕੈਨੇਡਾ ਦੇ ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਵਿਭਾਗ (IRCC) ਨੇ ਸਰਕਾਰ ਦੀ ਵੈੱਬਸਾਈਟ 'ਤੇ ਜਨਤਕ ਸਲਾਹ-ਮਸ਼ਵਰੇ ਲਈ ਇੱਕ ਡਰਾਫਟ ਜਾਰੀ ਕੀਤਾ ਹੈ ਜਿਸ ਵਿੱਚ 2026 ਲਈ ਐਕਸਪ੍ਰੈਸ ਐਂਟਰੀ ਪ੍ਰੋਗਰਾਮ ਦੀਆਂ ਸੰਭਾਵਿਤ ਨਵੀਆਂ ਸ਼੍ਰੇਣੀਆਂ ਦੀ ਸੂਚੀ ਦਿੱਤੀ ਗਈ ਹੈ। ਇਸ ਮੁਤਾਬਕ ਕੈਨੇਡਾ ਸਰਕਾਰ ਉਹਨਾਂ ਵਿਦੇਸ਼ੀ ਨਾਗਰਿਕਾਂ ਨੂੰ ਤਰਜੀਹ ਦੇਵੇਗੀ ਜੋ ਖੋਜ, ਵਿਗਿਆਨਕ ਕਾਰਜਾਂ ਅਤੇ ਪ੍ਰਬੰਧਕੀ ਅਹੁਦਿਆਂ ਨਾਲ ਜੁੜੇ ਹੋਣਗੇ। ਇਸ ਤੋਂ ਇਲਾਵਾ, ਸਾਬਕਾ ਫੌਜੀਆਂ ਅਤੇ ਅਗਨੀਵੀਰਾਂ ਲਈ ਵੀ ਖਾਸ ਤੌਰ 'ਤੇ ਸਹੂਲਤਾਂ ਦਿੱਤੀਆਂ ਜਾਣਗੀਆਂ। ਕਿਹਾ ਜਾ ਰਿਹਾ ਹੈ ਕਿ ਕੈਨੇਡਾ ਆਪਣੇ ਹਥਿਆਰਬੰਦ ਫੌਜਾਂ ਨੂੰ ਮਜ਼ਬੂਤ ਕਰਨ ਲਈ ਸਹਿਯੋਗੀ ਦੇਸ਼ਾਂ ਤੋਂ ਤਜਰਬੇਕਾਰ ਫੌਜੀਆਂ ਦੀ ਭਰਤੀ 'ਤੇ ਵਿਚਾਰ ਕਰ ਰਿਹਾ ਹੈ। ਇਸ ਕਦਮ ਨਾਲ ਉਹਨਾਂ ਨੌਜਵਾਨਾਂ ਲਈ ਵੱਡਾ ਮੌਕਾ ਖੁੱਲੇਗਾ ਜੋ ਫੌਜੀ ਤਜਰਬਾ ਰੱਖਦੇ ਹਨ ਅਤੇ ਕੈਨੇਡਾ ਵਿੱਚ ਸੈਟਲ ਹੋਣਾ ਚਾਹੁੰਦੇ ਹਨ।

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਗੁਰਬਾਣੀ ਦੀ ਹੇਠ ਲਿਖੀ ਤੁਕ ਵਿਚ ਉਜਾਗਰ ਹੋਏ ਸ਼ਬਦ ਦਾ ਕੀ ਅਰਥ ਹੈ?**

**ਹਰਿ ਹਰਿ ਜਨ ਕੈ ਮਾਲੁ ਖਜੀਨਾ॥**

A. Search (ਖੋਜਨਾ) B. Gold (ਸੋਨਾ)
C. Treasure (ਖ਼ਜ਼ਾਨਾ) D. Strong (ਬਲਵਾਨ)

**2. ਅੰਗਰੇਜ਼ਾਂ ਤੋਂ ਕੀਨੀਆ ਦੀ ਆਜ਼ਾਦੀ ਦੀ ਲਹਿਰ ਦਾ ਨਾਇਕ ਕਿਹੜਾ ਸਿੱਖ ਸੀ, ਜਿਸ ਤੋਂ ਅੰਗਰੇਜ਼ ਸਭ ਤੋਂ ਵੱਧ ਡਰਦੇ ਸਨ ਅਤੇ ਕੀਨੀਆ ਦੇ ਰੇਗਿਸਤਾਨੀ ਇਲਾਕੇ ਵਿੱਚ ਸਭ ਤੋਂ ਵੱਧ ਸਮਾਂ 11 ਸਾਲ (1950-61) ਤੱਕ ਕੈਦ ਵੀ ਰਹੇ ਸਨ?**

A. ਦੀਵਾਨ ਸਿੰਘ B. ਕਰਨੈਲ ਸਿੰਘ
C. ਊਧਮ ਸਿੰਘ D. ਮੱਖਣ ਸਿੰਘ

**3. ਕਿਹੜੀ ਸਿੱਖ ਅਮਰੀਕੀ ਗਾਇਕਾ ਨੇ ਆਪਣੀ ਐਲਬਮ- 'ਮਿਸਟਿਕ ਮਿਰਰ' ਲਈ ਗ੍ਰੈਮੀ ਅਵਾਰਡ 2023 ਜਿੱਤਿਆ?**

A. ਗੁਰਜਸ ਕੌਰ B. ਮਨਮੀਤ ਕੌਰ
C. ਹਰਪ੍ਰੀਤ ਕੌਰ D. ਦਿਵਨੂਰ ਕੌਰ

**4. ਜੂਨ 2023 ਵਿੱਚ, ਭਾਰਤ ਦੇ ਕਿਹੜੇ ਸਿੱਖ ਸੰਸਦ ਮੈਂਬਰ ਨੂੰ ਉਸ ਦੇ ਸਮਾਜ ਵਿੱਚ ਪਰਉਪਕਾਰੀ ਯੋਗਦਾਨ ਲਈ ਲੰਡਨ ਵਿੱਚ ਸਿੱਖ ਫੋਰਮ ਇੰਟਰਨੈਸ਼ਨਲ ਦੁਆਰਾ ਆਯੋਜਿਤ ਇੱਕ ਸਮਾਰੋਹ ਵਿੱਚ ਸਿੱਖ ਆਫ ਦਿ ਈਅਰ ਦਾ ਪੁਰਸਕਾਰ ਦਿੱਤਾ ਗਿਆ ਸੀ?**

A. ਹਰਭਜਨ ਸਿੰਘ B. ਵਿਕਰਮਜੀਤ ਸਿੰਘ
C. ਤਨਮਨਜੀਤ ਸਿੰਘ D. ਤ੍ਰਿਲੋਚਨ ਸਿੰਘ

(ਦੇਖੋ ਉੱਤਰ ਪੰਨਾ 4 'ਤੇ)

# ਪੰਜਾਬ ਵਾਰੀਅਰਜ਼ ਸਮੂਹ ਨੇ ਮੋਰਕੈਂਬ ਫੁੱਟਬਾਲ ਕਲੱਬ ਖਰੀਦ ਕੇ ਰਚਿਆ ਇਤਿਹਾਸ




ਇੰਗਲਿਸ਼ ਫੁੱਟਬਾਲ ਅਤੇ ਵਿਸ਼ਵ-ਪੱਧਰ ’ਤੇ ਵਸਦੇ ਪੰਜਾਬੀ ਭਾਈਚਾਰੇ ਲਈ ਇੱਕ ਇਤਿਹਾਸਕ ਪਲ ਦਰਜ ਹੋਇਆ ਹੈ। ਪੰਜਾਬ ਵਾਰੀਅਰਜ਼ ਸਮੂਹ ਨੇ ਇੰਗਲੈਂਡ ਦਾ ਪ੍ਰਸਿੱਧ ਮੋਰਕੈਂਬ ਫੁੱਟਬਾਲ ਕਲੱਬ ਖਰੀਦ ਕੇ ਇਕ ਨਵਾਂ ਇਤਿਹਾਸ ਰਚ ਦਿੱਤਾ ਹੈ। ਇਸ ਖਰੀਦ ਨਾਲ, ਪੰਜਾਬ ਵਾਰੀਅਰਜ਼ ਇੰਗਲੈਂਡ ਵਿੱਚ ਇੱਕ ਪੇਸ਼ੇਵਰ ਫੁੱਟਬਾਲ ਕਲੱਬ ਦੇ ਮਾਲਕ ਬਣਨ ਵਾਲਾ ਪਹਿਲਾ ਸਿੱਖ ਅਤੇ ਪੰਜਾਬੀ ਅਗਵਾਈ ਵਾਲਾ ਸਮੂਹ ਬਣ ਗਿਆ ਹੈ। ਇੰਗਲਿਸ਼ ਫੁੱਟਬਾਲ ਲੀਗ ਵੱਲੋਂ ਰਸਮੀ ਮਨਜ਼ੂਰੀ ਦੇਣ ਨਾਲ ਇਹ ਸੌਦਾ ਪੂਰਾ ਹੋਇਆ। ਪੰਜਾਬ ਵਾਰੀਅਰਜ਼ ਵੱਲੋਂ ਮੋਰਕੈਂਬ ਫੁੱਟਬਾਲ ਕਲੱਬ ਦੀ ਖਰੀਦ ਸਿਰਫ਼ ਖੇਡਾਂ ਦੀ ਦੁਨੀਆ ਵਿੱਚ ਹੀ ਨਹੀਂ, ਸਗੋਂ ਬ੍ਰਿਟੇਨ ਅਤੇ ਦੁਨੀਆ ਭਰ ਦੇ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਵਿੱਚ ਵੀ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੈ। ਮੋਰਕੈਂਬ ਫੁੱਟਬਾਲ ਕਲੱਬ ਦਾ ਸਿੱਖਾਂ ਵੱਲੋਂ ਖਰੀਦਿਆ ਜਾਣਾ ਬਹੁਤ ਹੀ ਮਹੱਤਵਪੂਰਨ ਹੈ। ਇਹ ਨਾ ਕੇਵਲ ਯੂਕੇ ਵਿੱਚ ਸਿੱਖ ਪਛਾਣ ਨੂੰ ਉੱਚਾਈ ਦਿੰਦਾ ਹੈ, ਸਗੋਂ ਇਹ ਦਰਸਾਉਂਦਾ ਹੈ ਕਿ ਸਿੱਖ ਭਾਈਚਾਰਾ ਬ੍ਰਿਟਿਸ਼ ਸਮਾਜ ਅਤੇ ਖੇਡਾਂ ਵਿੱਚ ਆਪਣੇ ਅਹਿਮ ਸਥਾਨ ਨੂੰ ਸਥਾਪਿਤ ਕਰ ਰਿਹਾ ਹੈ।

ਇਸ ਇਤਿਹਾਸਕ ਪ੍ਰਾਪਤੀ ਨਾਲ ਹੀ ਮੋਰਕੈਂਬ ਕਲੱਬ ਨੇ ਇੱਕ ਹੋਰ ਵੱਡਾ ਐਲਾਨ ਕੀਤਾ ਹੈ। 30 ਸਾਲਾ ਅਸ਼ਵੀਰ ਸਿੰਘ ਜੌਹਲ ਨੂੰ ਨਵਾਂ ਮੈਨੇਜਰ ਨਿਯੁਕਤ ਕੀਤਾ ਗਿਆ ਹੈ। ਇਸ ਨਾਲ ਉਹ ਬ੍ਰਿਟਿਸ਼ ਫੁੱਟਬਾਲ ਦੇ ਪੇਸ਼ੇਵਰ ਪੱਧਰ ’ਤੇ ਪਹਿਲੇ ਸਿੱਖ ਮੈਨੇਜਰ ਬਣ ਗਏ ਹਨ। ਜੌਹਲ ਯੂਈਫ਼ਏ ਪ੍ਰੋ ਲਾਇਸੈਂਸ ਹਾਸਲ ਕਰਨ ਵਾਲੇ ਸਭ ਤੋਂ ਘੱਟ ਉਮਰ ਦੇ ਕੋਚਾਂ ਵਿੱਚੋਂ ਇੱਕ ਹਨ। ਉਨ੍ਹਾਂ ਦੀ ਨਿਯੁਕਤੀ ਨੂੰ ਕਲੱਬ ਲਈ ਇਕ ਉਤਸ਼ਾਹਜਨਕ ਅਤੇ ਨਵੇਂ ਅਧਿਆਇ ਦੀ ਸ਼ੁਰੂਆਤ ਵਜੋਂ ਦੇਖਿਆ ਜਾ ਰਿਹਾ ਹੈ।

## ਕੁਝ ਸਵਾਲ

- ਰਵਨੀਤ ਕੌਰ



ਅਮੀਰ ਤਾਂ ਕਈ ਹੁੰਦੇ ਅਸਲ ਅਮੀਰ
ਕੌਣ ਬਨਣਾ ਚਾਹੁੰਦੇ?
ਈ ਕੈਂਪ ਲਗਾਕੇ ਅਸਲ ਅਮੀਰੀ ਦਾ ਗਿਆਨ
ਕੌਣ ਗਿਆਨ ਗੋਲਕ ਵਿੱਚ ਭਰਨਾ ਚਾਹੁੰਦੇ?

ਉੱਤਮ ਤਾਂ ਕਈ ਮਿਲ ਜਾਂਦੇ
ਅਤਿ ਉੱਤਮ ਕੌਣ ਬਨਣਾ ਚਾਹੁੰਦੇ?
ਖ਼ੁਸ਼ ਤਾਂ ਕਈ ਰਹਿ ਲੈਂਦੇ
ਅਨੰਦ ਕੌਣ ਪ੍ਰਾਪਤ ਕਰਨਾ ਚਾਹੁੰਦੇ?

ਗੁਰਬਾਣੀ ਤਾਂ ਕਈ ਪੜ੍ਹਦੇ ਪਰ
ਗੁਰਬਾਣੀ ਅਨੁਸਾਰ ਕੌਣ ਚਲਣਾ ਚਾਹੁੰਦੇ?
ਨਾ ਕੁਝ ਵੇਚ ਕੇ, ਨਾ ਪੈਸੇ ਖਰਚ ਕੇ
ਸਕਾਲਰਸ਼ਿਪ ਲੈਕੇ ਕੌਣ ਅੱਗੇ ਵਧਣਾ ਚਾਹੁੰਦੇ?

ਬੁਰੇ ਵਿਚਾਰਾ ਨੂੰ ਕੱਢਕੇ
ਕੌਣ ਚੰਗੇ ਵਿਚਾਰ ਭਰਨਾ ਚਾਹੁੰਦੇ?
ਦੇਸ਼ ਵਿਦੇਸ਼ ਵਿੱਚ ਕਰ ਤਰੱਕੀ
ਨੋਬਲ ਪੁਰਸਕਾਰ ਕੌਣ ਪ੍ਰਾਪਤ ਕਰਨਾ ਚਾਹੁੰਦੇ?

ਬੱਚਿਆਂ ਦੇ ਅੰਦਰ
ਕੌਣ ਚੰਗੇ ਸੰਸਕਾਰ ਭਰਨਾ ਚਾਹੁੰਦੇ?
ਇਤਿਹਾਸ ਤਾਂ ਕਈ ਪੜਦੇ
ਇਤਿਹਾਸ ਕੌਣ ਬਣਾਉਣਾ ਚਾਹੁੰਦੇ?

ਇਹ ਸਭ ਕਰ ਜਾਵਣ ਓਹੀਓ ਤਾਂ ਸ੍ਰਿਸ਼ਟੀ ਨੂੰ ਫੇਰ ਭਾਉਦੇ।
ਨਾਮ ਕਰਕੇ ਰੌਸ਼ਨ ਫੇਰ ਓਹ ਸੰਸਾਰ ਦਾ ਰਾਜ ਪਾਉਂਦੇ।


## SIKH MATRIMONIALS

Gursikh Boy 32/5’7”/ BTech/Post Graduate from Niagara College/ Working as Engineer in Windsor, Canada. Contact father +91-9417177476

Gursikhgirl26/5’/Philosophy(H)DU,DiplomaGeorge Brown College, Toronto/ Working /Family got PR in 2022 settled Vancouver/ Contact+91 9810196404

Gursikh Boy 29/5’8”/ Working in EY,UK/52K GBP/ Masters in Actuarial Management from City Univ. Of London. Contact 9810197878

Required Canadian Born Sikh match for Gursikh girl 29/5’4” in Govt job at Ottwa. No cast bar, Boy should be Turbaned ND/NT. Contact +1613 330 6319


ਪੰਨਾ 3 ’ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. C 2. D 3. A 4. B


Chief Editor: Dr. Harjinder Singh Editor: Dr. Davinder Singh Designer: Pavit Singh


Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)



email: canadasikhtimes@gmail.com, M: +1 437 673 7555